28-Oc-Rastri & Sports Page-12_3-Star.qxd 10/28/2025 10:11 PM Page 1





ਪੰਜਾਬੀ ਟਰੱਕ ਡਰਾਈਵਰ ਸੂਰਜ ਸਿੰਘ ਸਲਾਰੀਆ ਕੋਲੋਂ ਬਰਾਮਦ ਕੀਤੇ ਨਸ਼ੀਲੇ ਪਦਾਰਥ। ਤਸਵੀਰ : ਜਸਜੀਤ ਸਿੰਘ ਧਾਮੀ

# ਪੰਜਾਬੀ ਮੂਲ ਦਾ ਟਰੱਕ ਡਰਾਈਵਰ 70 ਲੱਖ ਡਾਲਰ ਦੀ ਕੋਕੀਨ ਸਮੇਤ ਗ੍ਰਿਫ਼ਤਾਰ

ਕੈਲਗਰੀ, 28 ਅਕਤੂਬਰ (ਜਸਜੀਤ ਸਿੰਘ ਧਾਮੀ)-ਆਰ.ਸੀ.ਐਮ.ਪੀ. ਫੈਡਰਲ ਪੁਲਿਸਿੰਗ ਨੌਰਥਵੈਸਟ ਰੀਜਨ ਨੇ ਦੱਸਿਆ ਹੈ ਕਿ ਸਰਹੱਦ 'ਤੇ ਇਕ ਵਪਾਰਕ ਟਰੱਕ ਦੀ ਤਲਾਸ਼ੀ ਦੌਰਾਨ 70 ਲੱਖ ਡਾਲਰ ਦੀ ਕੋਕੀਨ ਬਰਾਮਦ ਕੀਤੀ ਗਈ ਹੈ। ਜਿਸ ਤਹਿਤ ਕੈਲਗਰੀ ਦੇ 28 ਸਾਲਾ ਸੂਰਜ ਸਿੰਘ ਸਲਾਰੀਆ ਨੂੰ ਨਸ਼ੀਲੇ ਪਦਾਰਥਾਂ ਦੇ ਅਪਰਾਧਾਂ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਗਿਆ ਹੈ। ਇਹ ਸਤੰਬਰ ਦੇ ਅਖੀਰ 'ਚ ਕਾਉਟਸ ਬਾਰਡਰ ਕਰਾਸਿੰਗ ਤੇ ਕੈਨੇਡਾ 'ਚ ਦਾਖਲ ਹੋਣ ਵਾਲੇ ਇਕ ਵਪਾਰਕ ਟਰੱਕ 'ਚੋਂ ਲਗਭਗ 77 ਕਿਲੋਗ੍ਰਾਮ ਕੋਕੀਨ ਬਰਾਮਦ ਕੀਤੀ ਗਈ ਸੀ, ਜਿਸ ਕਾਰਨ ਇਹ ਕੈਲਗਰੀ ਦੇ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਅਲਬਰਟਾ 'ਚ ਏਕੀਕ੍ਰਿਤ ਬਾਰਡਰ ਇਨਫੋਰਸਮੈਂਟ ਟੀਮ, ਜਿਸ 'ਚ ਆਰ.ਸੀ.ਐਮ.ਪੀ. ਫੈਡਰਲ ਪੁਲਿਸਿੰਗ ਨੌਰਥਵੈਸਟ ਰੀਜਨ, ਸੀ.ਬੀ.ਐਸ.ਏ. ਤੇ ਕੈਲਗਰੀ ਪੁਲਿਸ ਸਰਵਿਸ ਸ਼ਾਮਲ ਹਨ ਦੇ ਸਾਂਝੇ ਯਤਨਾਂ ਨਾਲ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਬਰਤਾਨਵੀ ਪੱਤਰਕਾਰ ਹਾਮਦੀ ਨੂੰ ਅਮਰੀਕਾ ਨੇ ਹਿਰਾਸਤ 'ਚ ਲਿਆ

## 'ਇਜ਼ਰਾਈਲ-ਗਾਜ਼ਾ' ਮੱਧ ਪੂਰਬ ਬਾਰੇ ਕੀਤੀਆਂ ਟਿੱਪਣੀਆਂ ਨੂੰ ਬਣਾਇਆ ਆਧਾਰ

ਸਾਨ ਫਰਾਂਸਿਸਕੋ, 28 ਅਕਤੂਬਰ (ਐਸ. ਅਸ਼ੋਕ ਭੌਰਾ)-ਬਰਤਾਨਵੀ ਰਾਜਨੀਤਿਕ ਟਿੱਪਣੀਕਾਰ ਤੇ ਪੱਤਰਕਾਰ ਸਾਮੀ ਹਾਮਦੀ ਨੂੰ ਸਾਨ ਫਰਾਂਸਿਸਕੋ, ਕੈਲੀਫੋਰਨੀਆ ਹਵਾਈ ਅੱਡੇ 'ਤੇ ਸੰਘੀ ਅਧਿਕਾਰੀਆਂ ਨੇ ਹਿਰਾਸਤ 'ਚ ਲੈ ਲਿਆ। ਸੰਘੀ ਅਧਿਕਾਰੀਆਂ ਅਨੁਸਾਰ ਹਾਮਦੀ ਨੂੰ ਕੱਲ੍ਹ ਸਾਨ ਫਰਾਂਸਿਸਕੋ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਅਧਿਕਾਰੀਆਂ ਵਲੋਂ ਹਿਰਾਸਤ 'ਚ ਲਏ ਜਾਣ ਤੋਂ ਬਾਅਦ ਅਮਰੀਕੀ ਇਮੀਗ੍ਰੇਸ਼ਨ ਤੇ ਕਸਟਮਜ਼ ਇਨਫੋਰਸਮੈਂਟ (ਆਈਸ) ਦੇ ਹਵਾਲੇ ਕਰ ਦਿੱਤਾ ਗਿਆ। ਇਕ ਸੀਨੀਅਰ ਅਮਰੀਕੀ ਅਧਿਕਾਰੀ ਨੇ ਕਿਹਾ ਕਿ ਹਿਰਾਸਤ 'ਚ ਲਏ ਜਾਣ ਦਾ ਮੁੱਖ ਕਾਰਨ ਹਾਮਦੀ ਵਲੋਂ ਮੱਧ ਪੂਰਬ ਬਾਰੇ ਕੀਤੀਆਂ ਟਿੱਪਣੀਆਂ ਹਨ। ਹਾਮਦੀ ਜੋ ਕਿ ਮੁਸਲਿਮ ਹੈ, ਅਮਰੀਕਾ 'ਚ ਇਕ ਬੁਲਾਰੇ ਵਜੋਂ ਦੌਰੇ 'ਤੇ ਸੀ ਤੇ ਸਨਿਚਰਵਾਰ ਨੂੰ ਸੈਕਰਾਮੈਂਟੋ 'ਚ ਕੌਂਸਲ ਆਫ ਅਮਰੀਕਨ-ਇਸਲਾਮਿਕ ਰਿਲੇਸ਼ਨਜ਼ (ਸੀ. ਏ. ਆਈ. ਆਰ.)ਦੇ ਚੈਪਟਰ ਲਈ ਸਾਲਾਨਾ ਸਮਾਗਮ ਨੂੰ ਸੰਬੋਧਨ ਕੀਤਾ ਸੀ। ਕਿਹਾ ਗਿਆ ਹੈ ਕਿ ਇਹ ਹਿਰਾਸਤ ਟਰੰਪ ਪ੍ਰਸ਼ਾਸਨ ਵੱਲੋਂ ਅਮਰੀਕਾ 'ਚ ਹਜ਼ਾਰਾਂ ਵਿਦੇਸ਼ੀ ਲੋਕਾਂ ਦੀ ਪਛਾਣ ਕਰਨ ਤੇ ਸੰਭਾਵੀ ਤੌਰ 'ਤੇ ਬਾਹਰ ਕੱਢਣ ਦੇ ਯਤਨਾਂ 'ਚ ਨਿਵੇਕਲੀ ਹੈ, ਜਿਨ੍ਹਾਂ ਨੇ ਗਾਜ਼ਾ 'ਚ ਇਜ਼ਰਾਈਲ ਦੀਆਂ ਫੌਜੀ ਕਾਰਵਾਈਆਂ ਵਿਰੁੱਧ ਅਸ਼ਾਂਤੀ ਭੜਕਾਈ ਹੈ ਜਾਂ ਉਨ੍ਹਾਂ 'ਚ ਹਿੱਸਾ ਲਿਆ ਹੈ ਜਾਂ ਜਨਤਕ ਤੌਰ 'ਤੇ ਵਿਰੋਧ ਪ੍ਰਦਰਸ਼ਨਾਂ ਦਾ ਸਮਰਥਨ ਕੀਤਾ ਹੈ।



# ਸਾਊਦੀ ਅਰਬ ਬਣਾਵੇਗਾ ਅਸਮਾਨ 'ਚ ਸਟੇਡੀਅਮ

## ਫੀਫਾ ਵਿਸ਼ਵ ਕੱਪ ਲਈ 1 ਅਰਬ ਡਾਲਰ ਨਾਲ ਹੋ ਰਿਹਾ ਤਿਆਰ

ਦੁਬਈ, 28 ਅਕਤੂਬਰ (ਇੰਟ)-ਸਾਊਦੀ ਅਰਬ ਨੇ ਖੇਡ ਨੂੰ ਇਕ ਨਵੀਂ ਪਛਾਣ ਦੇਣ ਲਈ ਇਕ ਵਿਲੱਖਣ ਪ੍ਰਸਤਾਵ ਪੇਸ਼ ਕੀਤਾ ਹੈ। ਆਪਣੇ ਨਿਓਮ ਮੈਗਾਸਿਟੀ ਪ੍ਰੋਜੈਕਟ 'ਦ ਲਾਈਨ' ਦੇ ਹਿੱਸੇ ਵਜੋਂ, ਦੇਸ਼ 46,000 ਸਮਰੱਥਾ ਵਾਲਾ 'ਸਸਪੈਂਡਡ ਸਟੇਡੀਅਮ' ਬਣਾਉਣ ਦੀ ਯੋਜਨਾ ਬਣਾ ਰਿਹਾ ਹੈ, ਜੋ ਕਿ ਜ਼ਮੀਨ ਤੋਂ 350 ਮੀਟਰ ਉੱਪਰ ਬਣਾਇਆ ਜਾਵੇਗਾ, ਜਿਸ ਦੀ ਲਾਗਤ 1 ਅਰਬ ਡਾਲਰ ਦੱਸੀ ਜਾ ਰਹੀ ਹੈ। ਸਾਊਦੀ ਅਰਬ ਨੂੰ ਹਾਲ ਹੀ 'ਚ 2034 ਫੀਫਾ ਵਿਸ਼ਵ ਕੱਪ ਦੀ ਮੇਜ਼ਬਾਨੀ ਮਿਲੀ ਹੈ। ਇਹ ਇਕ ਅਜਿਹਾ ਸਟੇਡੀਅਮ ਬਣਾਉਣਾ ਚਾਹੁੰਦਾ ਹੈ ਜੋ ਤਕਨਾਲੋਜੀ, ਵਾਤਾਵਰਣ ਸੁਰੱਖਿਆ ਤੇ ਆਕਰਸ਼ਕ ਡਿਜ਼ਾਈਨ ਨੂੰ ਜੋੜਦਾ ਹੈ। ਜਿਥੇ ਪਹੁੰਚ ਨੂੰ ਹਾਈ-ਸਪੀਡ ਲੀਫਟਾਂ ਤੇ ਆਟੋਮੇਟਿਡ ਪੌੜੀਆਂ ਵਲੋਂ ਸੁਵਿਧਾਜਨਕ ਬਣਾਇਆ ਜਾਵੇਗਾ, ਜੋ ਪੂਰੀ ਤਰ੍ਹਾਂ ਨਵਿਆਉਣਯੋਗ ਊਰਜਾ ਦੁਆਰਾ ਸੰਚਾਲਿਤ ਹੋਣਗੇ। ਜਦੋਂ ਕਿ ਇਸਦੀਆਂ ਤਸਵੀਰਾਂ ਨੇ ਸੋਸ਼ਲ ਮੀਡੀਆ ਤੇ ਹਲਚਲ ਮਚਾ ਦਿੱਤੀ ਹੈ, ਰਿਪੋਰਟਾਂ ਸੁਝਾਅ ਦਿੰਦੀਆਂ ਹਨ ਕਿ ਉਨ੍ਹਾਂ ਨੂੰ ਡਿਜੀਟਲ ਰੂਪ 'ਚ ਬਦਲਿਆ ਗਿਆ। ਰਿਪੋਰਟਾਂ ਦੇ ਅਨੁਸਾਰ, ਜ਼ਮੀਨ ਤੋਂ 350 ਮੀਟਰ ਉੱਪਰ ਸਟੇਡੀਅਮ ਦੀ ਧਾਰਨਾ ਅਸਲੀ ਹੈ, ਪਰ ਵਾਇਰਲ ਵੀਡੀਓ ਅਧਿਕਾਰਤ ਡਿਜ਼ਾਈਨ ਨੂੰ ਨਹੀਂ ਦਰਸਾਉਂਦੇ। ਅਰਬ ਨਿਊਜ਼ ਵਰਗੇ ਸਾਊਦੀ ਆਊਟਲੇਟਾਂ ਨੇ ਵੀ ਅਜੇ ਤੱਕ ਆਪਣੇ ਅਧਿਕਾਰਤ ਵਿਸ਼ਵ ਕੱਪ ਬੁਨਿਆਦੀ ਢਾਂਚੇ ਦੇ ਅਪਡੇਟਾਂ 'ਚ ਕਿਸੇ ਵੀ ਸਟੇਡੀਅਮ ਦੀ ਤਸਵੀਰ ਦਾ ਜ਼ਿਕਰ ਨਹੀਂ ਕੀਤਾ ਹੈ।










